ਮਾਨਯੋਗ ਕਿਰਤ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਲੇਬਰ ਵੈਲਫੇਅਰ ਬੋਰਡ ਦੀ ਮਿਤੀ 3.9.2013 ਨੂੰ ਬਾਅਦ ਦੁਪਿਹਰ 3.00 ਵਜੇ, ਸਰਕਟ ਹਾਊਸ, ਸੈਕਟਰ-39 ਚੰਡੀਗੜ੍ਹ ਵਿਖੇ ਹੋਈ 46ਵੀਂ ਮੀਟਿੰਗ ਦੀ ਕਾਰਵਾਈ ਰਿਪੋਟ।

---

ਪੰਜਾਬ ਲੇਬਰ ਵੈਲਫੇਅਰ ਬੋਰਡ ਦੀ 46ਵੀਂ ਮੀਟਿੰਗ ਮਾਨਯੋਗ ਸ੍ਰੀ ਸੁਰਜੀਤ ਕੁਮਾਰ ਜਿਆਣੀ, ਕਿਰਤ ਮੰਤਰੀ ਪੰਜਾਬ ਅਤੇ ਚੇਅਰਮੈਨ ਬੋਰਡ ਜੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਹੇਠ ਲਿਖੇ ਮੈਂਬਰ ਸਾਮਲ ਹੋਏ:-

1. ਸ੍ਰੀ ਵਿਸਵਾਜੀਤ ਖੰਨਾ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਿਰਤ ਵਿਭਾਗ, ਪੰਜਾਬ।

2. ਸ੍ਰੀ ਹਰਭੁਪਿੰਦਰ ਸਿੰਘ ਨੰਦਾ, ਆਈ.ਏ.ਐਸ.
ਕਿਰਤ ਕਮਿਸ਼ਨਰ, ਪੰਜਾਬ।

3. ਸ੍ਰੀ ਕਸ਼ਮੀਰਾ ਸਿੰਘ,
ਡਿਪਟੀ ਸੈਕਟਰੀ-ਕਮ ਬਜੱਟ ਅਫਸਰ,
ਵਿੱਤ ਵਿਭਾਗ, ਪੰਜਾਬ।

4. ਸ੍ਰੀ ਡੀ.ਐਸ. ਸਿੱਧੂ,
ਡਿਪਟੀ ਡਾਇਰੈਕਟਰ, ਉਦਯੋਗ ਅਤੇ ਵੰਣਜ ਵਿਭਾਗ,
ਪੰਜਾਬ, ਚੰਡੀਗੜ੍ਹ।

5. ਸ੍ਰੀ ਜੀ.ਐਸ. ਮੋਰ,
ਡਿਪਟੀ ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ
ਇਸਤਰੀ ਤੇ ਬਾਲ ਵਿਕਾਸ ਵਿਭਾਗ।

6. ਸ੍ਰੀ ਬਖਤਾਵਰ ਸਿੰਘ ਪੁੱਤਰ ਸ੍ਰੀ ਹੁਕਮ ਸਿੰਘ,
ਪ੍ਰਧਾਨ ਪੱਲੇਦਾਰ ਯੂਨੀਅਨ ਪਿੰਡ ਘਰੂਮੀ
ਤਹਿ: ਤੇ ਜਿਲ੍ਹਾਂ ਫਾਜਿਲਕਾ।

7. ਸ੍ਰੀ ਰਾਜ ਕੁਮਾਰ ਪੁੱਤਰ ਸ੍ਰੀ ਸਦੀਖ ਸਿੰਘ,
ਕੋਟ ਖਾਲਸਾ ਨਿਊ ਅਬਾਦੀ ਨੇੜੇ ਵਿਸ਼ਕਰਮਾ ਮੰਦਰ,
ਅੰਮ੍ਰਿਤਸਰ।

ਵੈਲਫੇਅਰ ਕਮਿਸ਼ਨਰ, ਪੰਜਾਬ ਵਲੋਂ ਚੇਅਰਮੈਨ ਜੀ ਦੀ ਇਜਾਜਤ ਨਾਲ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ। ਮੀਟਿੰਗ ਦੇ ਸ਼ੁਰੂ ਵਿੱਚ ਚੇਅਰਮੈਨ ਜੀ ਵੱਲੋਂ ਮੀਟਿੰਗ ਵਿੱਚ ਮੈਂਬਰਾਂ ਵੱਲੋਂ ਹਾਜਰ ਨਾ ਹੋਣ ਬਾਰੇ ਗੰਭੀਰ ਜਾਇਜਾ ਲੈਂਦੇ ਹੋਏ ਪ੍ਰਮੁੱਖ ਸਕੱਤਰ ਜੀ ਦੀ ਪੱਧਰ ਤੇ ਮੈਂਬਰਾਂ ਨੂੰ ਅੱਗੇ ਤੋਂ ਮੀਟਿੰਗ ਵਿੱਚ ਜਰੂਰ ਹਾਜਰ ਹੋਣ ਸਬੰਧੀ ਅੱਧ ਸਰਕਾਰੀ ਪੱਤਰ ਲਿੱਖਣ ਲਈ ਕਿਹਾ ਗਿਆ। ਇਸ ਉਪਰੰਤ ਮੀਟਿੰਗ ਸਬੰਧੀ ਹਰ ਇਕ ਮੱਦ ਬਾਰੇ ਵੈਲਫੇਅਰ ਕਮਿਸ਼ਨਰ ਵਲੋਂ ਮਾਨਯੋਗ ਚੇਅਰਮੈਨ ਅਤੇ ਮੈਬਰ ਸਹਿਬਾਨ ਨੂੰ ਜਾਣੂ ਕਰਵਾਇਆ ਗਿਆ।

ਮੱਦ ਨੰ:1 45ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ।

ਵੈਲਫੇਅਰ ਕਮਿਸ਼ਨਰ ਵੱਲੋਂ ਮੈਂਬਰਾਂ ਨੂੰ ਜਾਣੂ ਕਰਵਾਇਆ ਗਿਆ ਕਿ ਪਿਛਲੀ ਮੀਟਿੰਗ ਦੀ ਕਾਰਵਾਈ ਸਬੰਧੀ ਕਿਸੇ ਵੀ ਮੈਂਬਰ ਵੱਲੋਂ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ। ਬੋਰਡ ਵੱਲੋਂ ਮਿਤੀ 7.10.2009 ਦੀ 45ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

ਮੱਦ ਨੰ:2 ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਮਿਤੀ 7.10.2009 ਨੂੰ ਹੋਈ 45ਵੀਂ ਮੀਟਿੰਗ ਵਿੱਚ ਲੈ ਫੈਸਲਿਆਂ ਤੇ ਕਾਰਵਾਈ ਰਿਪੋਟ।

ਵੈਲਫੇਅਰ ਕਮਿਸ਼ਨਰ ਜੀ ਵਲੋਂ ਮੱਦ ਵਾਈਜ ਫੈਸਲਿਆ ਤੇ ਕੀਤੀ ਕਾਰਵਾਈ ਬਾਰੇ ਮੈਂਬਰ ਸਹਿਬਾਨ ਨੂੰ ਜਾਣੂ ਕਰਵਾਇਆ ਗਿਆ। ਜਿਸ ਤੇ ਚੇਅਰਮੈਨ ਜੀ ਅਤੇ ਮੈਂਬਰ ਸਹਿਬਾਨ ਵਲੋਂ ਫੈਸਲਿਆਂ ਤੇ ਕੀਤੀ ਕਾਰਵਾਈ ਤੇ ਸੰਤੁਸ਼ਟੀ ਪ੍ਰਗਟ ਕੀਤੀ।

ਮੱਦ ਨੰ:3 ਉਦਯੋਗਿਕ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਖਤਰਨਾਕ ਬਿਮਾਰੀਆਂ ਦੇ ਇਲਾਜ ਲਈ ਇੰਸੋਰੈਸ਼ ਸਕੀਮ

ਵਧੀਕ ਵੈਲਫੇਅਰ ਕਮਿਸ਼ਨਰ ਵਲੋਂ ਇਸ ਸਕੀਮ ਬਾਰੇ ਵਿਸ਼ਥਾਰਪੂਰਵਕ ਜਾਣੂ ਕਰਵਾਇਆ ਗਿਆ ਕਿ ਜੇਕਰ ਇਸ ਸਕੀਮ ਤਹਿਤ ਕਿਰਤੀ ਸਮੇਤ ਉਸ ਦੇ ਪਰਿਵਾਰ ਦੇ ਕੁੱਲ 5 ਮੈਂਬਰਾਂ ਦਾ ਸਾਲ ਦਾ 30,000/- ਰੁਪਏ ਦਾ ਬੀਮਾ ਕੀਤਾ ਜਾਂਦਾ ਹੈ ਤਾਂ ਉਸ ਦਾ ਪ੍ਰੀਮਿਅਮ ਪ੍ਰਤੀ ਕਿਰਤੀ ਲੱਗਭਗ 400/- ਰੁਪਏ ਬਣਦਾ ਹੈ, ਅਤੇ ਬੋਰਡ ਦੇ ਇਸ ਸਮੇਂ ਲੱਗਭੱਗ 4.00 ਲੱਖ ਲਾਭਪਾਤਰੀ ਹਨ। ਜੇਕਰ 4.00 ਲੱਖ ਕਿਰਤੀਆਂ ਦੀ ਇਸ ਦਰ ਨਾਲ ਇੰਸੋਰੈਸ਼ ਕਰਵਾਈ ਜਾਂਦੀ ਹੈ ਤਾਂ ਕੁੱਲ ਸਲਾਨਾ ਪ੍ਰੀਮਿਅਮ 16.00 ਕਰੋੜ ਰੁਪਏ ਬਣਦਾ ਹੈ। ਬੋਰਡ ਦੀ ਮੌਜੂਦਾ ਇੰਨਕਮ ਦੇ ਸਨਮੁੱਖ ਇਹ ਖਰਚਾ ਕਰਨਾ ਸਭੰਵ ਨਹੀਂ ਹੈ। ਬੋਰਡ ਵੱਲੋਂ ਮੌਜੂਦਾ ਵਿਧੀ ਸਾਧਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਸਕੀਮ ਨਾ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ।ਇਹ ਮੱਦ ਫਿਲਹਾਲ ਡਰਾਅ ਕੀਤੀ ਜਾਂਦੀ ਹੈ।

ਮੱਦ ਨੰ:4 ਉਦਯੋਗਿਕ ਕਿਰਤੀਆਂ ਲਈ ਪੈਨਸ਼ਨ ਸਕੀਮ

ਵੈਲਫੇਅਰ ਕਮਿਸ਼ਨਰ ਵਲੋਂ ਪੈਨਸ਼ਨ ਸਕੀਮ ਸਬੰਧੀ ਮੈਂਬਰ ਸਹਿਬਾਨ ਨੂੰ ਜਾਣੂ ਕਰਵਾਇਆ ਗਿਆ ਅਤੇ ਦੱਸਿਆ ਗਿਆ ਕਿ ਬੋਰਡ ਦੇ ਮੌਜੂਦਾ ਵਿੱਤੀ ਸਾਧਨਾਂ ਦੇ ਸਨਮੁੱਖ ਇਹ ਸਕੀਮ ਲਾਗੂ ਕਰਨੀ ਸੰਭਵ ਨਹੀਂ ਹੈ। ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਇਹ ਸਕੀਮ ਲਾਗੂ ਨਾ ਕਰਨ ਦਾ ਫੈਸਲਾ ਕੀਤਾ ਗਿਆ। ਫਿਲਹਾਲ ਇਹ ਮੱਦ ਡਰਾਅ ਕੀਤੀ ਜਾਂਦੀ ਹੈ।

ਮੱਦ ਨੰ:5 ਬੋਰਡ ਦੇ ਸਾਲ 2009-10 ਦੇ ਅਸਲ ਬਜਟ,2010-11 ਦੇ ਅਨੁਮਾਨਤ ਅਤੇ ਅਸਲ ਬਜਟ,2011-12 ਦਾ ਅਨੁਮਾਨਤ ਅਤੇ ਅਸਲ ਬਜਟ,2012-13 ਦਾ ਅਨੁਮਾਨਤ ਅਤੇ ਅਸਲ ਬਜਟ ਦੀ ਕਾਰਜਬਾਅਦ ਪ੍ਰਵਾਨਗੀ ਅਤੇ ਸਾਲ 2013-14 ਦੇ ਅਨੁਮਾਨਤ ਬਜਟ ਬਾਰੇ।

ਬੋਰਡ ਵੱਲੋਂ ਸਾਲ 2009-10 ਤੋਂ 2012-13 ਤੱਕ ਦੇ ਅਸਲ ਬਜਟ ਅਤੇ ਸਾਲ 2013-14 ਦੇ ਅਨੁਮਾਨਤ ਬਜਟ ਪ੍ਰਵਾਨ ਕੀਤੇ ਗਏ।

ਮੱਦ ਨੰ:6 ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਸਾਲ 2000-01 ਅਤੇ ਸਾਲ 2001-02 ਦੇ ਸਲਾਨਾ ਲੇਖਿਆਂ ਦੀਆਂ ਆਡਿਟ ਰਿਪੋਟਾਂ ਪ੍ਰਵਾਨ ਕਰਨ ਬਾਰੇ।

ਬੋਰਡ ਵੱਲੋਂ ਸਾਲ 2000-01 ਅਤੇ ਸਾਲ 2001-02 ਦੇ ਸਲਾਨਾ ਲੇਖਿਆਂ ਦੀਆਂ ਆਡਿਟ ਰਿਪੋਟਾਂ ਪ੍ਰਵਾਨ ਕੀਤੀਆਂ ਗਈਆਂ।

ਮੱਦ ਨੰ:7 ਪੰਜਾਬ ਲੇਬਰ ਵੇਲਫੇਅਰ ਬੋਰਡ ਦੇ ਸਾਲ 2002-03 ਤੋਂ 2010-11 ਤੀਕ ਦੇ ਲੇਖੇ/ ਬੈਂਲਸ ਸੀਟ ਪ੍ਰਵਾਨ ਕਰਨ ਬਾਰੇ।

ਬੋਰਡ ਵੱਲੋਂ ਸਾਲ 2002-03 ਤੋਂ 2010-11 ਤੀਕ ਦੇ ਲੇਖੇ/ਬੈਲਸਸ਼ੀਟ ਪ੍ਰਵਾਨ ਕੀਤੀਆਂ ਗਈਆਂ।

ਮੱਦ ਨੰ:8 ਪੰਜਾਬ ਲੇਬਰ ਵੇਲਫੇਅਰ ਬੋਰਡ ਦੀਆਂ ਮੌਜੂਦਾ ਭਲਾਈ ਸਕੀਮਾਂ ਅਧੀਨ ਲਾਭ ਦੀ ਰਾਸ਼ੀ ਵਧਾਉਣ ਬਾਰੇ।

ਵੈਲਫੇਅਰ ਕਮਿਸ਼ਨਰ ਵੱਲੋਂ ਬੋਰਡ ਦੀਆਂ ਮੌਜੂਦਾ ਭਲਾਈ ਸਕੀਮਾਂ ਦੀ ਰਾਸ਼ੀ ਵਧਾਉਣ ਬਾਰੇ ਸਕੀਮ-ਵਾਇਜ਼ ਜਾਣੂ ਕਰਵਾਇਆ ਗਿਆ। ਪ੍ਰਮੁੱਖ ਸਕੱਤਰ ਜੀ ਵੱਲੋਂ ਇਸ ਸਬੰਧੀ ਆਮਦਨ/ਖਰਚਾ

ਸਕੀਮਾਂ ਅਧੀਨ ਵਧਾਈ ਰਾਸ਼ੀ ਅਤੇ ਅੰਸ਼ਦਾਨ ਦੀ ਅੰਦਾਜ਼ਨ ਪ੍ਰਾਪਤੀ ਦਰਸਾਉਂਦੇ ਹੋਏ ਕੈਲਕੂਲੇਸ਼ਨ ਕਰਨ ਲਈ ਕਿਹਾ ਜਿਸ ਤੋਂ ਪਤਾ ਚਲ ਸਕੇ ਕਿ ਬੋਰਡ ਤੇ ਅੰਦਾਜਨ ਕਿੰਨਾ ਵਿੱਤੀ ਬੋਝ ਪਵੇਗਾ। ਬੋਰਡ ਵੱਲੋਂ ਇਹ ਸੁਝਾਅ ਪ੍ਰਵਾਨ ਕਰਦੇ ਹੋਏ ਅਗਲੀ ਮੀਟਿੰਗ ਵਿੱਚ ਇਹ ਮੱਦ ਮੁੜ ਪੇਸ਼ ਕਰਨ ਲਈ ਕਿਹਾ ਗਿਆ।

ਬੋਰਡ ਦੇ ਮੈਂਬਰ ਸਾਹਿਬਾਨ ਵੱਲੋਂ ਧਿਆਨ ਵਿੱਚ ਲਿਆਂਦਾ ਗਿਆ ਕਿ ਸਕੀਮਾਂ ਅਧੀਨ ਦਿੱਤੇ ਜਾਣ ਵਾਲੇ ਲਾਭ ਦੀ ਰਾਸ਼ੀ ਕਾਫੀ ਘੱਟ ਹੈ। ਜਿਸ ਸਬੰਧੀ ਪ੍ਰਮੁੱਖ ਸਕੱਤਰ ਕਿਰਤ ਜੀ ਵੱਲੋਂ ਜਾਣੂ ਕਰਵਾਇਆ ਗਿਆ ਕਿ ਬੋਰਡ ਦੇ ਮੌਜੂਦਾ ਵਿੱਤੀ ਸਾਧਨਾਂ ਅਨੁਸਾਰ ਹੋਰ ਜ਼ਿਆਦਾ ਵਿੱਤੀ ਸਕੀਮਾਂ ਲਾਗੂ ਕਰਨਾ ਸੰਭਵ ਨਹੀਂ ਹੈ। ਪੰਜਾਬ ਲੇਬਰ ਵੈਲਫੇਅਰ ਫੰਡ ਐਕਟ ਵਿੱਚ ਸੋਧ ਕਰਨ ਦੀ ਤਜਵੀਜ਼ ਪਹਿਲਾਂ ਹੀ ਸਰਕਾਰ ਦੇ ਵਿਚਾਰ ਅਧੀਨ ਹੈ, ਜਿਸ ਰਾਹੀਂ ਕਿਰਤੀ ਵਲੋਂ ਅਦਾ ਕੀਤੇ ਜਾਣ ਵਾਲੀ ਅੰਸ਼ਦਾਨ ਦੀ ਰਾਸ਼ੀ 2 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 5 ਰੁਪਏ ਪ੍ਰਤੀ ਮਹੀਨਾ ਅਤੇ ਪ੍ਰਬੰਧਕਾਂ ਵੱਲੋਂ ਦਿੱਤੇ ਜਾਣ ਵਾਲੀ ਅੰਸ਼ਦਾਨ ਦੀ ਰਾਸ਼ੀ 4 ਰੁਪਏ ਪ੍ਰਤੀ ਕਿਰਤੀ, ਪ੍ਰਤੀ ਮਹੀਨਾ ਤੋਂ ਵਧਾ ਕੇ 10 ਰੁਪਏ ਕੀਤੇ ਜਾਣ ਦੀ ਤਜਵੀਜ਼ ਹੈ। ਜਿਸ ਨਾਲ ਬੋਰਡ ਦੀ ਆਮਦਨ 7-7.50 ਕਰੋੜ ਰੁਪਏ ਪ੍ਰਤੀ ਸਾਲ ਤੋਂ ਜ਼ਿਆਦਾ ਨਹੀਂ ਵਧੇਗੀ ਅਤੇ ਜ਼ਿਆਦਾ ਲਾਹੇਵੰਦ ਸਕੀਮਾਂ ਲਾਗੂ ਕਰਨਾ ਸੰਭਵ ਨਹੀਂ ਹੋਣਗੀਆਂ। ਜੇਕਰ ਬੋਰਡ ਦੇ ਮੈਂਬਰ ਸਾਹਿਬਾਨ ਮਹਿਸੂਸ ਕਰਦੇ ਹਨ ਤਾਂ ਅੰਸ਼ਦਾਨ ਦੀ ਰਾਸ਼ੀ ਵਿਚ ਹੋਰ ਵਾਧਾ ਕਰਨ ਬਾਰੇ ਵਿਚਾਰ ਲਿਆ ਜਾਵੇ ਕਿਉਂ ਜੋ ਸਰਕਾਰ ਵੱਲੋਂ ਐਕਟ ਵਿੱਚ ਸੋਧ ਕਰਨ ਲਈ ਮੰਤਰੀ ਮੰਡਲ ਦੀ ਪ੍ਰਵਾਨਗੀ ਪ੍ਰਾਪਤ ਕਰਨ ਲਈ ਮੈਮੋਰੰਡਮ ਭੇਜਿਆ ਜਾਣਾ ਹੈ। ਇਸ ਵਿਸ਼ੇ ਤੇ ਬੋਰਡ ਵੱਲੋਂ ਵਿਸਥਾਰਪੂਰਵਕ ਚਰਚਾ ਕਰਨ ਉਪਰੰਤ ਸਰਵਸੰਮਤੀ ਨਾਲ ਇਹ ਫੈਸਲਾ ਕੀਤਾ ਗਿਆ ਕਿ ਕਿਰਤੀ ਵੱਲੋਂ ਅਦਾ ਕੀਤੇ ਜਾਣ ਵਾਲੇ ਅੰਸ਼ਦਾਨ ਦੀ ਰਾਸ਼ੀ 5 ਰੁਪਏ ਪ੍ਰਤੀ ਮਹੀਨਾ ਰਹਿਣ ਦਿੱਤੀ ਜਾਵੇ ਪਰੰਤੂ ਪ੍ਰਬੰਧਕਾਂ ਵੱਲੋਂ ਅਦਾ ਕੀਤੇ ਜਾਣ ਵਾਲੀ ਅੰਸ਼ਦਾਨ ਦੀ ਰਾਸ਼ੀ 20 ਰੁਪਏ ਪ੍ਰਤੀ ਕਿਰਤੀ, ਪ੍ਰਤੀ ਮਹੀਨਾ ਕਰ ਦਿੱਤੀ ਜਾਵੇ ਅਤੇ ਉਸ ਅਨੁਸਾਰ ਹੀ ਮੰਤਰੀ ਮੰਡਲ ਦੀ ਪ੍ਰਵਾਨਗੀ ਪ੍ਰਾਪਤ ਕਰ ਲਈ ਜਾਵੇ।

ਮੱਦ ਨੰ:9 ਸ੍ਰੀਮਤੀ ਫੂਲਾਂ ਰਾਣੀ (ਰਿਟਾਇਰਡ) ਬਾਲਸੇਵਾਦਾਰ ਵਲੋਂਲੀਵਇਨਕੇਸਮੈਂਟ ਲਈ ਕਿਰਤ ਕੋਰਟ ਉਦਯੋਗਿਕ ਵਿਵਾਦ ਐਕਟ ਦੀ ਧਾਰਾ -33 ਸੀ (2) ਅਧੀਨ ਕੀਤੇ ਕੇਸ ਸਬੰਧੀ ਦਫਤਰ ਵਲੋਂ ਪ੍ਰਾਂਈਵੇਟ ਵਕੀਲ ਦੀਆਂ ਸੇਵਾਵਾਂ ਸਬੰਧੀ ਕਾਰਜਬਾਅਦ ਪ੍ਰਵਾਨਗੀ ਲੈਣ ਬਾਰੇ

ਬੋਰਡ ਵੱਲੋਂ ਵਕੀਲ ਨੂੰ 6000/- ਰੁਪਏ ਦੀ ਫੀਸ ਦੀ ਅਦਾਇਗੀ ਦੀ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ:10 ਬੋਰਡ ਦੇ ਚਾਰਟਡ ਅਕਾਂਊਟੈਂਟ ਪਾਸੋਂ ਅਕਾਂਉਂਟਸ ਤਿਆਰ ਕਰਾਉਣ ਲਈ ਕਾਰਜਬਾਅਦ ਪ੍ਰਵਾਨਗੀ ਲੈਣ ਬਾਰੇ।

ਬੋਰਡ ਵੱਲੋਂ ਚਾਰਟਡ ਅਕਾਂਊਟੈਂਟ ਨੂੰ ਅਦਾ ਕੀਤੀ ਫੀਸ ਦੀ ਅਦਾਇਗੀ ਦੀ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ:11 ਬੋਰਡ ਵਿੱਚ **Out Sources** ਰਾਹੀਂ ਡਾਟਾ ਐਂਟਰੀ ਅਕਾਂਊਟਸ ਕਲਰਕ ਰੱਖਣ ਬਾਰੇ।

ਬੋਰਡ ਵਿੱਚ ਡਾਟਾ ਐਂਟਰੀ ਅਕਾਊਂਟਸ ਕਲਰਕ ਸਰਵਿਸ ਪ੍ਰੋਵਾਈਡਰ ਰਾਹੀਂ ਰੱਖਣ ਬਾਰੇ ਵਿਚਾਰ ਕੀਤਾ ਗਿਆ। ਪ੍ਰਮੁੱਖ ਸਕੱਤਰ ਜੀ ਵਲੋਂ ਸੁਝਾਇਆ ਗਿਆ ਕਿ ਡਾਟਾ ਐਂਟਰੀ ਅਪਰੇਟਰ/ਅਕਾਊਂਟਸ ਕਲਰਕ Out Sources ਅਧਾਰ ਤੇ PESCO ਰਾਹੀਂ ਰੱਖ ਲਿਆ ਜਾਵੇ। ਜਿਸ ਅਨੁਸਾਰ ਬੋਰਡ ਵਲੋਂ ਸਰਵਸੰਮਤੀ ਨਾਲ ਇਹ ਮੱਦ ਪ੍ਰਵਾਨ ਕਰ ਦਿੱਤੀ ਗਈ।

ਮੱਦ ਨੰ:12 ਪੰਜਾਬ ਲੇਬਰ ਵੈਫਲੇਅਰ ਬੋਰਡ ਦੇ ਪ੍ਰਬੰਧਕੀ ਖਰਚੇ 15% ਤੋਂ ਵਧਾਕੇ 35% ਕਰਨ ਬਾਰੇ।

ਬੋਰਡ ਦੇ ਪ੍ਰਬੰਧਕੀ ਖਰਚੇ ਨੂੰ 15% ਤੋਂ ਵਧਾ ਕੇ 35% ਕਰਨ ਸਬੰਧੀ ਵੈਲਫੇਅਰ ਕਮਿਸ਼ਨਰ ਵਲੋਂ ਵਿਸਥਾਰ ਪੂਰਵਕ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਬੋਰਡ ਦੀ ਆਮਦਨ ਦੇ ਸਨਮੁੱਖ ਜੇਕਰ ਪ੍ਰਬੰਧਕੀ ਖਰਚੇ ਦੀ ਸੀਮਾ 15% ਰੱਖੀ ਜਾਂਦੀ ਹੈ ਤਾਂ ਕਰਮਚਾਰੀਆਂ ਦੀਆਂ ਮੌਜੂਦਾ ਤਨਖਾਹਾਂ ਵੀ ਨਹੀਂ ਦਿੱਤੀਆਂ ਜਾ ਸਕਦੀਆਂ। ਵਧੀਕ ਵੈਲਫੇਅਰ ਕਮਿਸ਼ਨਰ ਵਲੋਂ ਦੱਸਿਆ ਗਿਆ ਕਿ ਪਹਿਲਾਂ ਇਹ ਸੀਮਾ 75% ਸੀ ਜੋ ਕਿ ਮੰਤਰੀ ਪਰੀਸ਼ਦ ਵੱਲੋਂ ਇਸ ਨੂੰ ਘਟਾ ਕੇ 15% ਕਰਨ ਲਈ ਕਿਹਾ ਗਿਆ ਸੀ। ਪ੍ਰਬੰਧਕੀ ਖਰਚੇ ਦੀ ਸੀਮਾ 35% ਕਰਨ ਸਬੰਧੀ ਮਾਮਲਾ ਵਿੱਤ ਵਿਭਾਗ ਨਾਲ ਉਠਾਇਆ ਸੀ। ਵਿੱਤ ਵਿਭਾਗ ਵੱਲੋਂ ਕੀਤੇ ਪ੍ਰੇਖਣਾਂ ਅਨੁਸਾਰ ਕਰਮਚਾਰੀਆਂ ਦੀ 5ਵੇਂ ਤਨਖਾਹ ਕਮਿਸ਼ਨ ਦੀ ਸਿਫਾਰਸ਼ਾਂ ਅਨੁਸਾਰ ਤਨਖਾਹ ਦੇ ਖਰਚੇ ਦੀ ਕੈਲਕੁਲੇਸ਼ਨ ਕੀਤੀ ਗਈ ਹੈ। ਜਿਸ ਅਨੁਸਾਰ ਜੇਕਰ ਬੋਰਡ ਵੱਲੋਂ ਭਵਿੱਖ ਵਿੱਚ 5ਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਬੋਰਡ ਦੇ ਕਰਮਚਾਰੀਆਂ ਤੇ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਤਾਂ ਵੀ ਪ੍ਰਬੰਧਕੀ ਖਰਚੇ ਦੀ ਸੀਮਾ 35% ਕਰਨ ਨਾਲ ਪ੍ਰਬੰਧਕੀ ਖਰਚਾ ਪੂਰਾ ਹੋ ਜਾਵੇਗਾ।

ਬੋਰਡ ਵੱਲੋਂ ਪ੍ਰਬੰਧਕੀ ਖਰਚੇ ਦੀ ਸੀਮਾ 35% ਕਰਨ ਦੀ ਪ੍ਰਵਾਨਗੀ ਦਿੰਦੇ ਹੋਏ ਇਸ ਸਬੰਧੀ ਅਗਲੀ ਕਾਰਵਾਈ ਕਰਨ ਲਈ ਕਿਹਾ ਗਿਆ।

ਮੱਦ ਨੰ:13 ਮਹਿਲਾ ਕਿਰਤ ਕਲਿਆਣ ਕੇਂਦਰ ਜਲੰਧਰ ਦੀ ਬਿਲਡਿੰਗ ਦੀ ਰਿਪੇਅਰ ਕਰਵਾਉਣ ਲਈ 4.41 ਲੱਖ ਰੁਪਏ ਦੇ ਖਰਚੇ ਦੀ ਪ੍ਰਵਾਨਗੀ ਬਾਰੇ।

ਬੋਰਡ ਵੱਲੋਂ ਮਹਿਲਾ ਕਿਰਤ ਕਲਿਆਣ ਕੇਂਦਰ ਜਲੰਧਰ ਦੀ ਬਿਲਡਿੰਗ ਦੀ ਰਿਪੇਅਰ ਕਰਾਉਣ ਲਈ 4.41 ਲੱਖ ਰੁਪਏ ਦੇ ਖਰਚੇ ਦੀ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ:14 ਮੁਹਾਲੀ ਵਿਖੇ ਫੇਜ਼ 10 ਵਿੱਚ ਖਾਲੀ ਪਲਾਟ ਤੇ ਮਾਡਲ ਵੈਲਫੇਅਰ ਸੈਂਟਰ ਦੀ ਉਸਾਰੀ ਕਰਨ ਬਾਰੇ।

ਵੈਲਫੇਅਰ ਕਮਿਸ਼ਨਰ ਵੱਲੋਂ ਮੈਂਬਰ ਸਾਹਿਬਾਨ ਨੂੰ ਮੁਹਾਲੀ ਵਿਖੇ ਮਾਡਲ ਵੇਲਫੇਅਰ ਸੈਂਟਰ ਦੀ ਉਸਾਰੀ ਕਰਨ ਬਾਰੇ ਵਿਸਥਾਰਪੂਰਵਕ ਜਾਣੂ ਕਰਵਾਇਆ ਗਿਆ। ਚੇਅਰਮੈਨ ਜੀ ਵੱਲੋਂ ਕਿਹਾ ਗਿਆ ਕਿ ਇਸ ਬਿਲਡਿੰਗ ਦਾ ਨਿਰਮਾਣ ਜਲਦੀ ਤੋਂ ਜਲਦੀ ਕਰਵਾਇਆ ਜਾਵੇ। ਜਿਸ ਤੇ ਪ੍ਰਮੁੱਖ ਸਕੱਤਰ ਜੀ ਵੱਲੋਂ ਜਾਣੂ ਕਰਵਾਇਆ ਗਿਆ ਕਿ ਪਿਛਲੇ ਹਫਤੇ ਉਨ੍ਹਾਂ ਵੱਲੋਂ ਵੈਲਫੇਅਰ ਕਮਿਸ਼ਨਰ ਅਤੇ ਵਧੀਕ ਵੈਲਫੇਅਰ ਕਮਿਸ਼ਨਰ ਨਾਲ ਇਸ ਸਬੰਧੀ ਮੀਟਿੰਗ ਕੀਤੀ ਸੀ ਅਤੇ ਮਾਡਲ ਵੈਲਫੇਅਰ ਸੈਂਟਰ ਦਾ ਨਕਸ਼ਾ ਪ੍ਰਾਈਵੇਟ ਆਰਕੀਟੈਕਟ ਤੋਂ ਤਿਆਰ ਕਰਵਾਉਣ ਦੇ ਨਿਰਦੇਸ਼ ਦਿੱਤੇ ਸਨ, ਜਿਸ ਵਿੱਚ ਕਿਰਤ ਵਿਭਾਗ ਦੇ ਵੱਖ-ਵੱਖ ਦਫਤਰ, ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਸ਼ਿਫਟ ਕਰਨ ਤੋਂ ਇਲਾਵਾ ਕਿਰਤੀਆਂ ਦੀ ਭਲਾਈ ਲਈ ਰਜਿਸਟ੍ਰੇਸ਼ਨ ਸੈਂਟਰ, ਟ੍ਰੇਨਿੰਗ ਸੈਂਟਰ ਅਤੇ ਉਨ੍ਹਾਂ ਦੇ ਠਹਿਰਨ ਵਾਸਤੇ ਕਮਰੇ ਬਣਵਾਉਣ ਲਈ ਵੀ ਕਿਹਾ ਗਿਆ। ਵੈਲਫੇਅਰ ਕਮਿਸ਼ਨਰ ਵਲੋਂ ਮੈਂਬਰ ਸਾਹਿਬਾਨ ਨੂੰ ਜਾਣੂ ਕਰਵਾਇਆ ਗਿਆ ਕਿ ਉਨ੍ਹਾਂ ਵੱਲੋਂ ਪ੍ਰਾਈਵੇਟ ਆਰਕੀਟੈਕਟ ਨਿਯੁਕਤ ਕਰਕੇ ਨਕਸ਼ਾ ਤਿਆਰ ਕਰਨ ਲਈ ਕਿਹਾ ਗਿਆ ਸੀ ਅਤੇ ਆਰਕੀਟੈਕਟ ਵੱਲੋਂ ਨਕਸ਼ੇ ਦਾ ਡਰਾਫਟ ਤਿਆਰ ਕਰਕੇ ਉਨ੍ਹਾਂ ਨਾਲ ਡਿਸਕਸ ਵੀ ਕੀਤਾ ਗਿਆ। ਜਲਦੀ ਹੀ ਨਕਸ਼ਾ ਤਿਆਰ ਕਰਵਾ ਲਿਆ ਜਾਵੇਗਾ। ਬੋਰਡ ਵੱਲੋਂ ਇਸ ਮੱਦ ਤੇ ਵਿਸਥਾਰਪੂਰਵਕ ਵਿਚਾਰ ਕਰਨ ਉਪਰੰਤ ਕਿਹਾ ਗਿਆ ਕਿ ਇਸ ਪ੍ਰੋਜੈਕਟ ਦਾ ਵਿੱਤੀ ਢਾਂਚਾ ਕੈਲਕੂਲੇਟ ਕੀਤਾ ਜਾਵੇ ਅਤੇ ਇਸ ਦੇ ਨਾਲ ਹੀ ਇਸ ਬਿਲਡਿੰਗ ਦੇ ਕੁੱਝ ਹਿੱਸੇ ਕਿਸੇ ਬੈਂਕ, ਏ.ਟੀ.ਐਮ ਜਾਂ ਇੰਸ਼ੋਰੈਂਸ ਕੰਪਨੀ ਨੂੰ ਕਿਰਾਏ ਤੇ ਦੇ ਕੇ ਆਮਦਨ ਦੇ ਸਾਧਨ ਵਧਾਉਣ ਬਾਰੇ ਵੀ ਵਿਚਾਰਿਆ ਜਾਵੇ। ਬੋਰਡ ਵੱਲੋਂ ਸਰਵਸੰਮਤੀ ਨਾਲ ਫੇਜ਼ 10, ਮੁਹਾਲੀ ਵਿਖੇ ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਮਾਡਲ ਵੈਲਫੇਅਰ ਸੈਂਟਰ ਦੀ ਉਸਾਰੀ ਕਰਨ ਦੀ ਪ੍ਰਵਾਨਗੀ ਦਿੰਦੇ ਹੋਏ ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਤੋਂ 10 ਕਰੋੜ ਰੁਪਏ ਦੀ ਰਾਸ਼ੀ ਬਤੌਰ ਲੋਨ ਪ੍ਰਾਪਤ ਕਰਨ ਲਈ ਵੀ ਪ੍ਰਵਾਨਗੀ ਦਿੱਤੀ।

ਮੱਦ ਨੰ:15 ਪੰਜਾਬ ਲੇਬਰ ਵੈਫਲੇਅਰ ਬੋਰਡ ਲਈ ਐਂਟਰਟੇਨਮੈਂਟ ਖਰਚਾ 1000/- ਤੋਂ ਵਧਾ ਕੇ 5000/- ਕਰਨ ਬਾਰੇ।

ਵੈਲਫੇਅਰ ਕਮਿਸ਼ਨਰ ਵੱਲੋਂ ਮੈਂਬਰ ਸਾਹਿਬਾਨ ਨੂੰ ਜਾਣੂ ਕਰਵਾਇਆ ਗਿਆ ਕਿ ਇਹ ਮੱਦ ਉਨ੍ਹਾਂ ਦੇ ਪੂਰਵਲੇ ਵੇਲਫੇਅਰ ਕਮਿਸ਼ਨਰ ਵੱਲੋਂ ਪੇਸ਼ ਕੀਤੀ ਗਈ ਸੀ। ਉਨ੍ਹਾਂ ਨੂੰ ਐਂਟਰਟੇਨਮੈਂਟ ਮਦ ਹੇਠ ਖਰਚਾ ਵਧਾਉਣ ਦੀ ਲੋੜ ਨਹੀਂ ਹੈ। ਉਨ੍ਹਾਂ ਵਲੋਂ ਇਹ ਮਦ ਡਰਾਪ ਕਰਨ ਲਈ ਕਿਹਾ ਗਿਆ ਅਤੇ ਬੋਰਡ ਵੱਲੋਂ ਪ੍ਰਵਾਨ ਕਰ ਲਿਆ ਗਿਆ।

ਮੱਦ ਨੰ:16 ਲੀਗਲ ਐਡਵਾਈਜ਼ਰ/ਸਟੈਂਡਿੰਗ ਕੌਂਸਲ/ ਪਾਰਟ ਟਾਈਮ ਰਖੱਣ ਬਾਰੇ।

ਪ੍ਰਮੁੱਖ ਸਕੱਤਰ ਕਿਰਤ ਜੀ ਵੱਲੋਂ ਜਾਣਨਾ ਚਾਹਿਆ ਹੈ ਕਿ ਬੋਰਡ ਨਾਲ ਸਬੰਧਤ ਕਾਨੂੰਨੀ ਕੇਸ ਕਿੰਨੇ ਹਨ। ਵੈਲਫੇਅਰ ਕਮਿਸ਼ਨਰ ਜੀ ਵੱਲੋਂ ਜਾਣੂ ਕਰਵਾਇਆ ਗਿਆ ਕਿ ਇਹ ਮੱਦ ਵੀ ਪੂਰਵਲੇ ਵੈਲਫੇਅਰ ਕਮਿਸ਼ਨਰ ਵੱਲੋਂ ਪੇਸ਼ ਕੀਤੀ ਗਈ ਸੀ। ਇਹ ਮੱਦ ਵੀ ਡਰਾਪ ਕਰਨ ਦਾ ਸੁਝਾਅ ਦਿੱਤਾ ਗਿਆ ਜਿਸ ਨੂੰ ਬੋਰਡ ਵੱਲੋਂ ਪ੍ਰਵਾਨ ਕਰ ਲਿਆ ਗਿਆ।